**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**18:20 Pm**

**ਮਿਤੀ: 21-06-2024**

- ਦੁਨੀਆ ਭਰ ਵਿੱਚ ਅੱਜ 10ਵਾਂ ਕੌਮਾਂਤਰੀ ਯੋਗ ਦਿਵਸ ਮਨਾਇਆ ਜਾ ਰਿਹਾ ਏ, ਪਹਾੜਾਂ ਤੋਂ ਲੈ ਕੇ ਮੈਦਾਨਾਂ ਤਕ ਹਰ ਪਾਸੇ ਯੋਗ ਦੀ ਧੂਮ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਨੁਸਾਰ, ਪੂਰੀ ਦੁਨੀਆ ਵਿਚ ਯੋਗ ਕਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧਣ ਦੇ ਨਾਲ-ਨਾਲ, ਯੋਗ ਵੱਲ ਖਿੱਚ ਵਧ ਰਹੀ ਏ।
- ਪੰਜਾਬ ਵਿਚ ਵੀ ਵੱਡੀ ਗਿਣਤੀ ਵਿਚ ਲੋਕ, ਯੋਗ ਸੰਬੰਧੀ ਸਮਾਗਮਾਂ ਵਿਚ ਸ਼ਾਮਲ ਹੋਏ ਤੇ ਵੱਖ ਵੱਖ ਤਰ੍ਹਾਂ ਦੇ ਆਸਣ ਕੀਤੇ।
- ਜਲੰਧਰ ਪੱਛਮੀ ਰਾਖਵੇਂ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ, ਨਾਮਜ਼ਦਗੀਆਂ ਦਾਖ਼ਲ ਕਰਨ ਦੇ ਅੱਜ ਆਖਰੀ ਦਿਨ, ਕਾਂਗਰਸ, ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ

ਦਲ ਦੇ ਉਮੀਦਵਾਰਾਂ ਸਮੇਤ ਕਈ ਆਜ਼ਾਦ ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਭਰੇ।

---------------------------------------------------------

ਦੁਨੀਆ ਭਰ ਵਿੱਚ 10ਵਾਂ ਕੌਮਾਂਤਰੀ ਯੋਗ ਦਿਵਸ ਅੱਜ ਮਨਾਇਆ ਜਾ ਰਿਹਾ ਏ। ਦੇਸ਼ ਵਿਚ ਮੁੱਖ ਸਮਾਗਮ ਜੰਮੂ-ਕਸ਼ਮੀਰ ਦੇ ਸ੍ਰੀਨਗਰ ਸਥਿਤ ਸ਼ੇਰ-ਏ-ਕਸ਼ਮੀਰ ਇੰਟਰ-ਨੈਸ਼ਨਲ ਕਾਨਫਰੰਸ ਸੈਂਟਰ ਵਿਖੇ ਹੋਇਆ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼੍ਰੀਨਗਰ ਤੋਂ ਇਸ ਦੀ ਅਗਵਾਈ ਕੀਤੀ। ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ, ਕੇਂਦਰੀ ਮੰਤਰੀ ਪ੍ਰਤਾਪਰਾਓ ਗਣਪਤ ਰਾਓ ਜਾਧਵ ਅਤੇ ਕਈ ਹੋਰ ਪਤਵੰਤੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਇਸ ਮੌਕੇ 'ਤੇ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਕ ਇਕੱਠ ਨੂੰ ਸੰਬੋਧਨ ਕੀਤਾ ਅਤੇ ਸਾਂਝੇ ਯੋਗ ਪ੍ਰੋਟੋਕੋਲ ਸੈਸ਼ਨ ਵਿੱਚ ਹਿੱਸਾ ਲਿਆ, ਜਿਸ ਵਿੱਚ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਵਿਕਾਸ ਦੇ ਪੋਸ਼ਣ ਵਿੱਚ ਯੋਗ ਦੇ ਮਹੱਤਵ ਨੂੰ ਉਜਾਗਰ ਕੀਤਾ ਗਿਆ। ਉਨ੍ਹਾਂ ਜ਼ਿਕਰ ਕੀਤਾ ਕਿ ਦੁਨੀਆਂ ਵਿੱਚ ਯੋਗ ਕਰਨ ਵਾਲੇ ਲੋਕਾਂ ਦੀ ਗਿਣਤੀ ਵੱਧ ਰਹੀ ਏ ਅਤੇ ਇਸਦੀ ਉਪਯੋਗਤਾ

ਨੂੰ ਵੀ ਲੋਕ ਮਾਨਤਾ ਦੇ ਰਹੇ ਨੇ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੁਨੀਆ ਦਾ ਸ਼ਾਇਦ ਹੀ ਕੋਈ ਅਜਿਹਾ ਨੇਤਾ ਏ, ਜਿਸ ਨੇ ਆਪਣੀ ਗੱਲਬਾਤ ਦੌਰਾਨ ਯੋਗ ਬਾਰੇ ਚਰਚਾ ਨਾ ਕੀਤੀ ਹੋਵੇ। ਉਨ੍ਹਾਂ ਕਿਹਾ ਕਿ ਅੱਜ ਪੂਰੀ ਦੁਨੀਆ ਵਿਚ ਯੋਗ ਕਰਨ ਵਾਲਿਆਂ ਦੀ ਗਿਣਤੀ ਤੇ ਯੋਗ ਵੱਲ ਖਿੱਚ ਲਗਾਤਾਰ ਵਧ ਰਹੀ ਏ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਦਸ ਸਾਲ ਪਹਿਲਾਂ ਉਨਾਂ ਸੰਯੁਕਤ ਰਾਸ਼ਟਰ ਵਿੱਚ ਕੌਮਾਂਤਰੀ ਯੋਗ ਦਿਵਸ ਮਨਾਉਣ ਦਾ ਮਤਾ ਰੱਖਿਆ ਸੀ ਅਤੇ ਭਾਰਤ ਦੇ ਇਸ ਮਤੇ ਨੂੰ 177 ਦੇਸ਼ਾਂ ਨੇ ਸਮਰਥਨ ਦਿੱਤਾ, ਜਿਹੜਾ ਆਪਣੇ ਆਪ ਵਿੱਚ ਇੱਕ ਰਿਕਾਰਡ ਏ।

---------------------------------------------------------------

ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਵੀ ਯੋਗ ਦਿਵਸ ਅੱਜ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਤੜਕਸਾਰ ਤੋਂ ਹੀ ਵੱਖ ਵੱਖ ਜਨਤਕ ਥਾਂਵਾਂ, ਮੈਦਾਨਾਂ ਅਤੇ ਧਾਰਮਿਕ ਸਥਾਨਾਂ ਤੇ ਵੱਡੀ ਗਿਣਤੀ ਵਿਚ ਲੋਕ ਪੁਜੇ ਅਤੇ ਯੋਗ ਸਮਾਗਮਾਂ ਦਾ ਹਿੱਸਾ ਬਣੇ। ਇਸ ਦੌਰਾਨ ਯੋਗ ਗੁਰੂਆਂ ਨੇ ਲੋਕਾਂ ਨੂੰ ਵੱਖ ਵੱਖ ਕਿਸਮ ਦੇ ਯੋਗ ਆਸਣ ਤੇ ਕ੍ਰਿਆਵਾਂ

ਕਰਵਾਈਆਂ। ਖਾਸ ਤੌਰ ਤੇ ਅਨੁਲੋਮ-ਵਿਲੋਮ, ਪਦਮ ਆਸਣ, ਸੁਖ ਆਸਣ, ਤਾੜ ਆਸਣ, ਪ੍ਰਾਣਾਯਾਮ ਅਤੇ ਭੁਜੰਗ ਅਸਾਣਾਂ ਦਾ ਲਗਾਤਾਰ ਅਭਿਆਸ ਕਰਵਾਇਆ ਗਿਆ।

*ਡਿਸਪੈਚ: ਦੁਨੀਆਭਰ ਵਿਚ ਅੱਜ ਪਹਾੜ ਤੋਂ ਮੈਦਾਨ ਅਤੇ ਸਮੁੰਦਰੀ ਕੰਡੇ ਤੋਂ ਮਰੂਥਲ ਤਕ ਹਰ ਪਾਸੇ ਯੋਗ ਦੀ ਹੀ ਚਰਚਾ ਤੇ ਧੂਮ ਮਚੀ ਹੋਈ ਏ। ਸਵੇਰੇ ਸੂਰਜ ਦੀ ਪਹਿਲੀ ਕਿਰਣ ਦੇ ਨਾਲ ਸ਼ੁਰੂ ਹੋਇਆ ਯੋਗ ਦਾ ਇਹ ਸਿਲਸਿਲਾ ਦਿਨ ਭਰ ਅੱਗੇ ਵਧਦਾ ਰਿਹਾ ਜਦਕਿ ਕਈ ਦੇਸ਼ਾਂ ਵਿਚ ਹਾਲੇ ਵੀ ਚੱਲ ਰਿਹਾ ਏ। ਪੰਜਾਬ ਦੇ ਵੱਖ ਵੱਖ ਸ਼ਹਿਰ, ਕਸਬੇ ਅਤੇ ਪਿੰਡ ਵੀ ਹਜ਼ਾਰਾਂ ਲੋਕਾਂ ਦੀ ਮੌਜੂਦਗੀ ਵਿਚ ਸ਼ਾਨਦਾਰ ਯੋਗ ਸਮਾਗਮਾਂ ਦੇ ਗਵਾਹ ਬਣੇ। ਹਰ ਉਮਰ ਵਰਗ ਦੇ ਲੋਕਾਂ ਨੇ ਯੋਗ ਸੰਬੰਧੀ ਇਨਾਂ ਸਮਾਗਮਾਂ ਵਿਚ ਹੁੰਮਹੁਮਾ ਕੇ ਹਿੱਸਾ ਲਿਆ ਅਤੇ ਪੂਰੇ ਉਤਸ਼ਾਹ ਨਾਲ ਯੋਗ ਆਸਣ ਦੇ ਗੁਰ ਸਿੱਖ ਕੇ ਆਪਣੇ ਆਉਂਦੇ ਜੀਵਨ ਨੂੰ ਸੁਖਾਲਾ ਬਨਾਉਣ ਦਾ ਪ੍ਰਣ ਕੀਤਾ। ਏਧਰ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੇ ਭਾਰਤ-ਪਾਕਿਸਤਾਨ ਕੌਮਾਂਤਰੀ ਸਰਹੱਦ 'ਤੇ ਅਟਾਰੀ ਅਤੇ ਹੁਸੈਨੀਵਾਲਾ ਸਮੇਤ ਹੋਰਨਾਂ ਵੱਖ ਵੱਖ*

***ਥਾਂਵਾਂ ਤੇ ਯੋਗ ਕਰਕੇ ਗੁਆਂਢੀ ਮੁਲਕ ਨੂੰ ਵੀ ਯੋਗਮਈ ਹੋਣ ਦਾ ਸੁਨੇਹਾ ਦਿੱਤਾ । ਸਰਹੱਦ ਨਾਲ ਲੱਗਦੇ ਇਲਾਕਿਆਂ ਵਿੱਚ ਬੱਲ ਵੱਲੋਂ ਆਯੋਜਿਤ ਇਨਾਂ ਯੋਗ ਪ੍ਰੋਗਰਾਮਾਂ ਵਿੱਚ ਜਵਾਨਾਂ ਤੋਂ ਇਲਾਵਾ ਪਿੰਡਾਂ ਦੇ ਲੋਕਾਂ ਨੇ ਵੀ ਸ਼ਮੂਲੀਅਤ ਕੀਤੀ । ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ***

---

ਭਾਰਤੀ ਫੌਜ਼ ਦੀ ਪੱਛਮੀ ਕਮਾਂਨ ਦੇ ਵੱਖ-ਵੱਖ ਸਟੇਸ਼ਨਾਂ 'ਤੇ ਯੋਗ ਅਭਿਆਸ ਸੈਸ਼ਨ ਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੇਵਾ ਕਰ ਰਹੇ ਕਰਮਚਾਰੀਆਂ ਅਤੇ ਪਰਿਵਾਰਾਂ ਨੇ ਹਿੱਸਾ ਲਿਆ । ਚੰਡੀਮੰਦਰ ਮਿਲਟਰੀ ਸਟੇਸ਼ਨ ਵਿਖੇ, ਆਯੂਸ਼ ਵਿਭਾਗ ਹਰਿਆਣਾ ਦੇ ਸਹਿਯੋਗ ਨਾਲ ਯੋਗ ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ । ਇਸ ਸਮਾਗਮ ਵਿੱਚ ਚੀਫ਼ ਆਫ਼ ਸਟਾਫ, ਹੈੱਡ-ਕੁਆਰਟਰ ਪੱਛਮੀ ਕਮਾਂਨ ਦੀ ਅਗਵਾਈ ਵਿੱਚ ਸੀਨੀਅਰ ਅਧਿਕਾਰੀਆਂ ਨੇ ਸ਼ਿਰਕਤ ਕੀਤੀ । ਇਸ ਦਾ ਉਦੇਸ਼ ਭਾਰਤੀ ਫੌਜ ਦੇ ਸੇਵਾ ਕਰ ਰਹੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ

ਲਈ, ਯੋਗ ਅਭਿਆਸ ਨੂੰ ਸ਼ਾਮਲ ਕਰਨਾ ਰਿਹਾ । ਵਰਕਸ਼ਾਪ ਵਿੱਚ 40 ਮਿੰਟ ਦਾ ਯੋਗ ਸੈਸ਼ਨ ਸ਼ਾਮਲ ਸੀ, ਜਿਸ ਵਿੱਚ ਕਈ ਆਸਣ ਅਤੇ ਪ੍ਰਾਣਾਯਾਮ ਦਾ ਅਭਿਆਸ ਕੀਤਾ ਗਿਆ। ਏਧਰ ਭਾਰਤੀ ਫੌਜ਼ ਦੇ ਅਧਰੰਗ ਮੁੜ ਵਸੇਬਾ ਕੇਂਦਰ ਯਾਨੀ ਪੈਰਾਪ-ਲੇਜਿਕ ਰੀਹੈਬਲੀ-ਟੇਸ਼ਨ ਸੈਂਟਰ PRC ਮੋਹਾਲੀ ਵਿਖੇ, ਅਧਰੰਗ ਗ੍ਰਸਤ ਸੈਨਿਕਾਂ, ਉਨ੍ਹਾਂ ਦੇ ਪਰਿਵਾਰਾਂ, ਬੱਚਿਆਂ ਅਤੇ ਮੁੜ ਵਸੇਬਾ ਕੇਂਦਰ ਦੇ ਸਟਾਫ ਲਈ ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਅਧਿਆਤਮਿਕ ਸਿਹਤ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਆਸਣ, ਪ੍ਰਾਣਾਯਾਮ ਅਤੇ ਧਿਆਨ ਸੈਸ਼ਨ ਸਮੇਤ ਸਧਾਰਨ ਯੋਗਾ ਪ੍ਰੋਟੋਕੋਲ ਕਰਵਾਏ ਗਏ । ਸਾਰੇ ਭਾਗੀਦਾਰਾਂ ਨੇ ਸਵੈ-ਅਨੁਸ਼ਾਸਨ ਯਕੀਨੀ ਬਣਾਉਣ ਅਤੇ ਯੋਗ ਨੂੰ ਆਪਣੀ ਜੀਵਨ ਸ਼ੈਲੀ ਦਾ ਅਨਿੱਖੜਵਾਂ ਅੰਗ ਬਣਾਉਣ ਲਈ ਆਪਣੇ ਆਪ ਨੂੰ ਵਚਨਬੱਧ ਕਰਨ ਦੀ ਸਹੁੰ ਲਈ।

---------------------------------------------------------

ਮੁਹਾਲੀ ਨੇੜੇ ਮੁਲਾਂਪੁਰ ਸਥਿਤ ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ ਦੇ ਨਿਰਦੇਸ਼ਕ ਡਾ. ਅਸ਼ੀਸ਼ ਗੁਲੀਆ ਦੀ ਅਗਵਾਈ

ਵਿਚ, ਹਸਪਤਾਲ ਦੇ ਸ਼ਾਂਤ ਅਤੇ ਹਰੇ-ਭਰੇ ਗਾਰਡਨ ਖੇਤਰ ਵਿੱਚ ਹਸਪਤਾਲ ਦੇ ਸਟਾਫ਼, ਮਰੀਜ਼ਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਮਹੱਤਵਪੂਰਨ ਮਹਿਮਾਨਾਂ ਵਲੋਂ ਯੋਗ ਕੀਤਾ ਗਿਆ। ਡਾ. ਗੁਲੀਆ ਨੇ ਕੈਂਸਰ ਦੇ ਮਰੀਜ਼ਾਂ ਅਤੇ ਬਚਣ ਵਾਲਿਆਂ ਲਈ ਜੀਵਨ ਦੀ ਗੁਣਵੱਤਾ ਨੂੰ ਵਧਾਉਣ ਲਈ ਯੋਗਾ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਯੋਗ ਦਿਵਸ ਦਾ ਜਸ਼ਨ ਸੰਪੂਰਨ ਸਿਹਤ ਅਭਿਆਸਾਂ ਪ੍ਰਤੀ ਸਾਡੀ ਵਚਨਬੱਧਤਾ ਨੂੰ ਉਜਾਗਰ ਕਰਦਾ ਏ।

---------------------------------------------------------------

ਯੋਗ ਦਿਵਸ ਤੇ ਵਿਦਿਆ ਭਾਰਤੀ ਪੰਜਾਬ ਵਲੋਂ, 300 ਤੋਂ ਵੱਧ ਥਾਵਾਂ 'ਤੇ ਕੋਈ 50 ਹਜ਼ਾਰ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਯੋਗ ਕਰਵਾਇਆ ਗਿਆ। ਵਿਦਿਆ ਭਾਰਤੀ ਦੇ ਸੰਗਠਨ ਮੰਤਰੀ ਰਾਜੇਂਦਰ ਕੁਮਾਰ ਨੇ ਵਿਦਿਆ ਧਾਮ ਜਲੰਧਰ ਵਿਚ ਆਯੋਜਿਤ ਯੋਗ ਸਮਾਗਮ ਦੌਰਾਨ ਦੱਸਿਆ ਕਿ ਭਿੱਖੀ, ਛੋਕਰਾਂ, ਮੋਰਿੰਡਾ, ਰਾਮ ਦਰਬਾਰ, ਫਾਜ਼ਿਲਕਾ ਬਾਰਡਰ ਅਤੇ ਹੁਸ਼ਿਆਰਪੁਰ ਵਿਚ ਚਲਦੇ ਸੰਸਕਾਰ ਕੇਂਦਰਾਂ ਵਿਚ ਤਾਂ ਖਾਸ ਉਤਸ਼ਾਹ ਵੇਖਣ ਨੂੰ ਮਿਲਿਆ।

---------------------------------------------------------------------

ਪਟਿਆਲਾ ਤੋਂ ਸਾਡੇ ਪਤਰਕਾਰ ਰਾਓ ਵਰਿੰਦਰ ਨਾਲ ਗੱਲਬਾਤ ਕਰਦਿਆਂ, ਲੋਕਾਂ ਨੇ ਯੋਗ ਸਮਾਗਮ ਦਾ ਹਿੱਸਾ ਬਣਨ ਤੇ ਖੁਸ਼ੀ ਪ੍ਰਗਟਾਈ।

---------------------------------------------------------------------

ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਕੇਂਦਰੀ ਸੰਚਾਰ ਬਿਊਰੋ CBC ਦੀ ਜਲੰਧਰ ਇਕਾਈ ਵਲੋਂ ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਪਿਮਸ ਜਲੰਧਰ ਵਿਖੇ, ਆਯੋਜਿਤ ਸੈਸ਼ਨ ਦੌਰਾਨ ਵੱਖ-ਵੱਖ ਯੋਗ ਆਸਨ ਤੇ ਸਾਹ ਲੈਣ ਦੇ ਅਭਿਆਸ ਕੀਤੇ ਗਏ। ਪਿਮਸ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਰਾਜੀਵ ਅਰੋੜਾ ਨੇ ਕਿਹਾ ਕਿ ਯੋਗ ਨੂੰ ਜੀਵਨ ਵਿੱਚ ਸ਼ਾਮਲ ਕਰਨਾ ਜ਼ਰੂਰੀ ਏ। ਖੇਤਰੀ ਪ੍ਰਚਾਰ ਅਧਿਕਾਰੀ ਰਾਜੇਸ਼ ਬਾਲੀ ਨੇ ਦੱਸਿਆ ਕਿ ਡਾਕਟਰਾਂ ਤੇ ਸਟਾਫ਼ ਦੀਆਂ ਮਨੁੱਖਤਾ ਪ੍ਰਤੀ ਸੇਵਾਵਾਂ ਮੁੱਖ ਰੱਖਦੇ ਹੋਏ ਇਹ ਪ੍ਰੋਗਰਾਮ ਕਰਵਾਇਆ ਗਿਆ। ਯੋਗ ਸਬੰਧੀ ਇੱਕ ਕੁਇਜ਼ ਮੁਕਾਬਲਾ ਕਰਵਾਇਆ ਗਿਆ ਅਤੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ। ਏਧਰ ਪੱਤਰ ਸੂਚਨਾ ਦਫਤਰ ਜਲੰਧਰ

ਵਿਖੇ ਮੀਡੀਆ ਤੇ ਸੰਚਾਰ ਅਧਿਕਾਰੀ ਡਾਕਟਰ ਵਿਕਰਮ ਸਿੰਘ ਦੀ ਅਗਵਾਈ ਵਿਚ ਸਟਾਫ ਮੈਂਬਰਾਂ ਵਲੋਂ ਵੱਖ ਵੱਖ ਯੋਗ ਆਸਣ ਕੀਤੇ ਗਏ। ਡਾਕਟਰ ਬੀ ਆਰ ਅੰਬੇਡਕਰ ਨੈਸ਼ਨਲ ਇੰਸਟੀਟਿਊਟ ਆਫ ਟੈਕਨੋਲੋਜੀ NIT ਜਲੰਧਰ ਡਾਇਰੈਕਟਰ ਬਿਨੋਦ ਕੁਮਾਰ ਕੰਨੌਜੀਆਂ ਦੀ ਅਗਵਾਈ ਵਿਚ ਜਦਕਿ ਜਲੰਧਰ ਲਾਗੇ ਲਿੱਧੜਾਂ ਵਿਖੇ, ਰੈਪਿਡ ਐਕਸ਼ਨ ਫੋਰਸ ਦੀ 114 ਬਟਾਲੀਅਨ ਨੇ ਯੋਗ ਸੈਸ਼ਨ ਦਾ ਆਯੋਜਨ ਕੀਤਾ।

---------------------------------------------------

ਏਧਰ ਪਠਾਨਕੋਟ ਤੋਂ ਸਾਡੇ ਪਤਰਕਾਰ ਰਜਨੀਸ਼ ਕੁਮਾਰ ਨਾਲ ਗੱਲਬਾਤ ਕਰਦਿਆਂ ਲੋਕਾਂ ਨੇ ਕਿਹਾ।

---------------------------------------------------

ਜਲੰਧਰ ਪੱਛਮੀ ਰਾਖਵੇਂ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ, ਨਾਮਜ਼ਦਗੀਆਂ ਦਾਖ਼ਲ ਕਰਨ ਦੇ ਅੱਜ ਆਖਰੀ ਦਿਨ, ਵੱਖ ਵੱਖ ਪਾਰਟੀਆਂ ਦੇ ਉਮੀਦਵਾਰਾਂ ਨੇ ਆਪੋ-ਆਪਣੇ ਨਾਮਜ਼ਦਗੀ ਪੱਤਰ ਭਰੇ। ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਪਾਲ ਭਗਤ, ਕਾਂਗਰਸ ਪਾਰਟੀ ਦੇ ਉਮੀਦਵਾਰ ਸੁਰਿੰਦਰ ਕੌਰ ਅਤੇ ਸ਼੍ਰੋਮਣੀ

ਅਕਾਲੀ ਦਲ ਦੇ ਉਮੀਦਵਾਰ ਸੁਰਜੀਤ ਕੌਰ ਨੇ ਚੋਣ ਅਧਿਕਾਰੀ ਕੋਲ ਆਪੋ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ। ਇਸ ਤੋਂ ਅਲਾਵਾ ਅਜੇ, ਬਲਵਿੰਦਰ ਕੁਮਾਰ, ਵਰੁਣ ਕਲੇਰ, ਅਮਿਤ ਕੁਮਾਰ, ਆਰਤੀ, ਦੀਪਕ ਭਗਤ ਅਤੇ ਮੋਹਿੰਦਰ ਪਾਲ ਨੇ ਆਜ਼ਾਦ ਉਮੀਦਵਾਰ ਵਜੋਂ ਆਪਣੇ ਨਾਮਜ਼ਦਗੀ ਪੱਤਰ ਭਰੇ। ਨਾਮਜ਼ਦਗੀਆਂ ਦੀ ਪੜਤਾਲ 24 ਜੂਨ ਨੂੰ ਹੋਵੇਗੀ, ਜਦਕਿ ਨਾਮ ਵਾਪਸ ਲੈਣ ਦੀ ਆਖਰੀ ਤਰੀਕ 26 ਜੂਨ ਏ । ਵੋਟਾਂ 10 ਜੁਲਾਈ ਨੂੰ ਪੈਣਗੀਆਂ ਅਤੇ ਗਿਣਤੀ 13 ਜੁਲਾਈ ਨੂੰ ਕੀਤੀ ਜਾਵੇਗੀ।

---------------------------------------------------------------

ਪੰਜਾਬ ਵਿਚ ਬੀਤੇ ਦੋ ਦਿਨਾਂ ਦੌਰਾਨ ਪਏ ਹਲਕੇ ਮੀਂਹ ਅਤੇ ਤੇਜ਼ ਹਵਾਵਾਂ ਨੇ, ਲੋਕਾਂ ਨੂੰ ਅੱਤ ਦੀ ਗਰਮੀ ਤੋਂ ਕੁਝ ਰਾਹਤ ਦਿੱਤੀ ਏ। ਮੌਸਮ ਵਿਭਾਗ ਨੇ ਅਗਲੇ ਦੋ ਦਿਨਾਂ ਤੱਕ ਮੌਸਮ ਆਮ ਵਾਂਗ ਰਹਿਣ ਦੀ ਭਵਿੱਖਬਾਣੀ ਕੀਤੀ ਏ । ਮੌਸਮ ਵਿਭਾਗ ਨੇ 21 ਤੇ 22 ਜੂਨ ਨੂੰ ਕੋਈ ਅਲਰਟ ਜਾਰੀ ਨਹੀਂ ਕੀਤਾ ਏ, ਜਿਸ ਅਨੁਸਾਰ ਸੂਬੇ ਵਿੱਚ ਨਾ ਤਾਂ ਗਰਮੀ ਦੀ ਲਹਿਰ ਹੋਵੇਗੀ ਅਤੇ ਨਾ ਹੀ ਤਾਪਮਾਨ ਵਿੱਚ ਬਹੁਤਾ ਵਾਧਾ

ਹੋਵੇਗਾ । ਮੌਸਮ ਵਿਭਾਗ ਮੁਤਾਬਕ ਦੇਸ਼ ਵਿਚ ਮਾਨਸੂਨ ਦੀ ਰਫਤਾਰ ਕੁਝ ਮੱਠੀ ਪੈ ਗਈ ਏ ਅਤੇ 25 ਜੂਨ ਤੋਂ ਬਾਅਦ ਮਾਨਸੂਨ ਕਿਸੇ ਵੀ ਸਮੇਂ ਸੂਬੇ ਵਿਚ ਦਸਤਕ ਦੇ ਸਕਦਾ ਏ, ਜਦਕਿ ਪ੍ਰੀ -ਮਾਨਸੂਨ 23 ਜੂਨ ਤੋਂ ਬਾਅਦ ਸਰਗਰਮ ਹੋ ਜਾਵੇਗਾ ।

---

**<u>ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ</u>**

- ਦੁਨੀਆ ਭਰ ਵਿੱਚ ਅੱਜ 10ਵਾਂ ਕੌਮਾਂਤਰੀ ਯੋਗ ਦਿਵਸ ਮਨਾਇਆ ਜਾ ਰਿਹਾ ਏ, ਪਹਾੜਾਂ ਤੋਂ ਲੈ ਕੇ ਮੈਦਾਨਾਂ ਤਕ ਹਰ ਪਾਸੇ ਯੋਗ ਦੀ ਧੂਮ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਨੁਸਾਰ, ਪੂਰੀ ਦੁਨੀਆ ਵਿਚ ਯੋਗ ਕਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧਣ ਦੇ ਨਾਲ-ਨਾਲ, ਯੋਗ ਵੱਲ ਖਿੱਚ ਵਧ ਰਹੀ ਏ ।
- ਪੰਜਾਬ ਵਿਚ ਵੀ ਵੱਡੀ ਗਿਣਤੀ ਵਿਚ ਲੋਕ, ਯੋਗ ਸੰਬੰਧੀ ਸਮਾਗਮਾਂ ਵਿਚ ਸ਼ਾਮਲ ਹੋਏ ਤੇ ਵੱਖ ਵੱਖ ਤਰ੍ਹਾਂ ਦੇ ਆਸਣ ਕੀਤੇ ।

- ਜਲੰਧਰ ਪੱਛਮੀ ਰਾਖਵੇਂ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ, ਨਾਮਜ਼ਦਗੀਆਂ ਦਾਖ਼ਲ ਕਰਨ ਦੇ ਅੱਜ ਆਖਰੀ ਦਿਨ, ਕਾਂਗਰਸ, ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਸਮੇਤ ਕਈ ਆਜ਼ਾਦ ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਭਰੇ।